


Khushjeevan Kitabaan London ©
Roop Dhillon © 2009
This version is only for use of Satish Gulati's Chetna Parkaashan

# ਮੇਰੇ ਲੇਖ

## ਰੂਪ ਢਿੱਲੋਂ



ਬੇਘਰ ਬਾਘ

ਸਫ਼ਾ ਨੰਬਰ

ਬੇਘਰ ਬਾਘ...........3
ਮੇਰੀ ਕਲਮ...........4
ਕੁਰਸੀ ਤੇ ਮੇਜ਼........5
ਬਾਪ ਤੋਂ ਖਲਾਸੀ...... 6
ਆਪਣੇ.............. 6
ਅੱਜ ਦੇ ਗਾਇਕ...... 7
ਸਾਡੀ ਸੜਕ......... 8
ਮੇਰੀ ਮਾਂ ਬੋਲੀ...... 8
ਵਾਰਸ ਸ਼ਾਹ......... 9
ਝੜੀ.................10
ਅਨਿੰਓ..............11
ਕੀ ਅਸੀਂ ਪੰਜਾਬੀ ਹਨ?..12
ਬਾਹਰ.............. 13
ਲਾਹੌਰ.............. 13
ਦਿਲ ਹੀਂ ਮੰਦਰ...... 14
ਸਾਡੇ ਅੰਦਰ......... 15
ਸਾਡੀ ਬੋਲੀ......... 16
ਕਢੇ ਸਾਡੇ ਲਈ...... 17
ਇੱਕ ਖਿਆਲ....... 17
ਬਦਾਮੀ ਅੱਖਾਂ.........18
ਤੁਹਾਡੇ ਸਾਡੇ.........19
ਹੰਕਾਰੀ ਲੇਖਕਾਂ...... 19
ਦੁਖ .............. 20
ਗੁਲ ਦਸਤਾ......... 22

# ਬੇਘਰ ਬਾਘ

ਬੇਘਰ ਬਾਘ ਨਹਿਰ
ਕਿਨਾਰੇ ਬੈਠਾ॥

ਵੇਖ ਰਿਹਾ ਮੱਛੀ
ਤਰਸ ਕੇ ਬੇਰਹਿਮ
ਕਰੇ?

ਵਕਤ ਸੋਚਾਂ ਵਿੱਚ
ਖਲੋ ਗਿਆ॥

ਆਪਣੇ ਫ਼ੈਸਲੇ
ਤੋਂ ਆਪ ਡਰੇ॥

# ਮੇਰੀ ਕਲਮ

ਮੇਰੀ ਕਲਮ ਮੇਰਾ ਹਥਿਆਰ ਹੈ
ਮੇਰੇ ਲਫ਼ਜ਼ ਮੇਰੀ ਤਲਵਾਰ ਹੈ।

ਕਾਗ਼ਜ਼ ਪੱਤਰ ਮੇਰੀ ਅਵਾਜ਼ ਹੈ
'ਤੇ ਸਾਹਿਤ ਮੇਰਾ ਸਮਾਜ ਹੈ।

ਸੱਚਾ ਜੋਸ਼ ਲਿਖਾਈ'ਚ ਹੈ
ਸੱਚੀ ਹੋਸ਼ ਪੜ੍ਹਾਈ'ਚ ਹੈ॥

ਮੇਰੀ ਕਲਮ ਤੋਂ ਡਰਦੇ ਵਜ਼ੀਰ
ਮੇਰੇ ਸ਼ਬਦ 'ਤੇ ਜਿਉਂਦੇ ਫ਼ਕੀਰ॥

ਜੋਰ ਤਲਵਾਰ 'ਚ ਨਹੀਂ ਮੇਰੇ ਮਿੱਤਰ
ਜੋਰ ਕਲਮ ਦਾ ਹੈ ਬੱਚਿਤਰ

# ਕੁਰਸੀ ਤੇ ਮੇਜ਼

ਕੁਰਸੀ ਤੇ ਮੇਜ਼ ਦਾ ਝਗੜਾ ਹੋਇਆ
ਲੱਕੜ ਤੇ ਲੋਹਾ ਦਾ ਲਹੂ ਚੋਇਆ॥

ਹਲ ਖੇਤ ਦੀ ਮਿੱਟੀ ਨਾਲ ਰੁਸਿਆ
ਥਲ ਕੌੜੀ ਥਿਆਹ ਨਾਲ ਹਸਿਆ॥

ਸਾਥੀ ਕਦੇ ਆਪਸ ਵਿੱਚ ਖ਼ੁਸ਼ ਨੇ?

ਕੁਆਰੇ ਇਹਨਾਂ ਵੱਲ ਤੱਕ ਕੇ ਜਲਦੇ
ਜੋੜੀਆਂ ਵੇਖ ਕੇ ਸੀਨੇ ਬਲਦੇ॥

ਇਹ ਹੈ ਇਨਸਾਨ ਦੀ ਦਸ਼ਾ
ਇਹ ਹੈ ਪਰੇਮੀਆਂ ਦਾ ਨਸ਼ਾ॥

ਸਜਦਾ ਕੁਰਸੀ ਮੇਜ਼ ਦਾ ਮੇਲ
ਕਾਠੀਬਾਜ਼ ਦੀ ਇਹ ਹੈ ਖੇਲ॥

# ਬਾਪ ਤੋਂ ਖਲਾਸੀ

ਕਿਉਂ ਮੈਂ ਬਾਪੂ ਦੀ ਇੱਜ਼ਤ ਕਰਾ?
ਕਿਉਂ ਉਹਦੀ ਹੰਕਾਰੀ ਤੋਂ ਹਰਾ?
ਹੁਣ ਮੈਂ ਨਹੀਂ ਰਿਹਾ ਨਿਆਣਾ
ਹੁਣ ਪੜ੍ਹਿਆ ਲਿੱਖਿਆ ਸਿਆਣਾ।
ਕਿਉਂ ਕੱਲਦੇ ਭੂਤ ਤੋਂ ਡਰਾ?
ਇਹ ਗੱਲਾਂ ਹੁਣ ਹੋ ਬਾਸੀ
ਬੱਚਿਆਂ ਨੇ ਕਰਤਾਂ ਮੈਂਨੂੰ ਖਲਾਸੀ॥

# ਆਪਣੇ

ਮੈਂ ਆਪਣੇ ਹੀ ਮਿੱਟੀ ਪਟਨੀ ਏ
ਮੈਂ ਆਪਣੇ ਹੀ ਉਮਰ ਕਟਨੀ ਏ॥

ਭਾਵੇਂ ਲਿੱਖਾ ਬੋਲਾ ਪੰਜਾਬੀ
ਭਾਵੇਂ ਲਿੱਖਾ ਬੋਲਾ ਅੰਗ੍ਰੇਜ਼ੀ॥

ਉਰਦੂ ਹਿੰਦੀ ਲੱਦਦੇ ਠਣਦੇ
ਮੇਰੇ ਉਸਾਸ ਮਾਂ ਬੋਲੀ ਤਣਦੇ॥

ਇਹ ਮਾਂ ਦਾ ਦੁਧ ਪੀਤਾ
ਕਢੇ ਨਹੀਂ ਇਹਨੂੰ ਪਿੱਠ ਕੀਤਾ॥

# ਅੱਜ ਦੇ ਗਾਇਕ

ਅੱਜ ਕੱਲਦੇ ਕਿੱਧਾ ਦੇ ਗਾਇਕ?
ਆਪਨੂੰ ਸਮਝਦੇ ਵੱਡੇ ਨਾਇਕ।
ਢੋਲ ਉਤੇ ਤਾਲ ਨਹੀਂ ਵਜਾਉਂਣੀ ਆਉਂਦੀ।
ਵੈਸਟਰਨ ਨਿਆਣੇ ਕਰਨ ਬੱਲੇ ਬੱਲੇ
– ਪੱਤਰ ਤੁਸੀਂ ਕਿਨ੍ਹੇਂ ਚੱਲੇ ਚੱਲੇ–।
– ਬੋਲਦੇ – ਸੋਣੀ ਸੋਣੀ ਕੁੜੀ–
ਤੁਹਾਡੀ ਤਰਜ਼ ਕਿੰਨੀ ਬੁਰੀ।

ਮੈਂ ਵੀ ਇਨ੍ਹਾਂ ਵਾਂਗ ਅੰਗ੍ਰੇਜ਼ ਹਾਂ
ਪਰ ਮੇਰੇ ਵਰਗਿਆਂ ਦੀਆਂ ‘ਵਾਜ਼ਾਂ
ਕੀਤੀਆਂ ਬੰਦ।
ਅੱਜ ਕਲ੍ਹ ਲੋਕ ਕਰਦੇ ਇਨ੍ਹਾਂ ਨੂੰ ਪਰਸਾਂਦ।
ਬੁੱਲ੍ਹੇ ਦੇਖ ਲੋ ਏ ਡਰਾਮਾ
ਜੱਗ ਨੇ ਛੱਡ ਤਾਂ ਸੁਫੀਆਮਾ॥

# ਸਾਡੀ ਸੜਕ

ਸਾਡੀ ਸੜਕ ਤੇ ਰਹਿੰਦੇ ਲੋਕ,
ਸੜਕ ਦੇ ਉੱਤੇ ਖੇਡਣ ਨਿਆਣੇ
ਸੜਕ ਕਿਨਾਰੇ ਬੈਂਚਾਂ ਉੱਪਰ,
ਗੱਲਾਂ ਕਰਦੇ ਬੈਠ ਸਿਆਣੇ
ਬਰਗਰ ਕਾਂਦੇ ਪੀਂਦੇ ਕੋਕ,
ਰੰਗਲੀ ਦੁਨੀਆ ਸੜਕ ਕਿਨਾਰੇ

# ਮੇਰੀ ਮਾਂ ਬੋਲੀ

ਮੇਰੀ ਮਾਂ ਬੋਲੀ ਨੂੰ ਮਾਰ ਰਹੇ ਹਨ
ਮੇਰੀ ਜਿੰਦ ਨੂੰ ਸਾੜ ਰਹੇ ਹਨ॥
ਹੋਰ ਕੋਈ ਕੌਮ ਹੈ ਸਾਡੇ ਵਰਗੀ?
ਜਿਹੜੀ ਅੰਗ੍ਰੇਜ਼ੀ ਤੇ ਹੈ ਮਰਦੀ?
ਪੰਜਾਬੀ ਨੂੰ ਕਾਮਯਾਬੀ ਮਾਰ ਗਈ
ਲਾਲਚ ਨੂੰ ਪਛਾਣ ਹਾਰ ਗਈ
ਬੇਸ਼ਰਮ ਲੋਕ, ਖੁਨ ਪੀਣੇ ਜੋਕ
ਕਿਹੜੇ ਹਿਸਾਬ ਨਾਲ ਹੁਣ ਤੁਸੀਂ ਪੰਜਾਬੀ?
ਥੁਹਾਡੇ ਖਿਆਲ ਨੇ ਬੇਸੁਆਦੀ

# ਵਾਰਸ ਸ਼ਾਹ

ਵਾਰਸ ਸ਼ਾਹ ਹੁਣ ਕੌਣ ਤੇਰੇ
ਪੰਨੇ ਪੱਤੇ ਫਰੋਲਦਾ ਹੈ
ਆਲੇ ਦੁਆਲੇ ਹਰ ਪੰਜਾਬੀ
ਜ਼ੁਬਾਨ ਫਰੰਗ ਦੀ ਬੋਲਦਾ ਹੈ

ਆਪਣੇ ਆਪ ਤੋਂ ਲੋਕੀ
ਹੋਈ ਜਾਂਦੇ ਨੇ ਦੂਰ
ਪਛਮੀਂ ਹਵਾ ਖਾਕੇ
ਚੜ੍ਹਿਆ ਫਰੰਗੀ ਸਰੂਰ

ਤੇਰੇ ਕਿੱਸੇ ਤੇਰੀਆਂ ਮੱਤਾਂ
ਕਿੱਥੇ ਅਜਕੱਲ੍ਹ ਪਛਾਣਦੇ ਨੇ
ਖ਼ੁਦ ਨੂੰ ਏ ਪੰਜਾਬੀ ਕਹਾਉਣ
ਪਰ ਬਾਹਰਲੇ ਗੀਤ ਹੀ ਜਾਣਦੇ ਨੇ

ਵਿਦੇਸ਼ੀ ਪੰਜਾਬੀ ਪੂਰਭ ਵੱਲ
ਬੜੇ ਅਫ਼ਸੋਸ ਨਾਲ ਤਕਦੇ ਨੇ
ਕਿਉਂ ਕਿ ਕੇਵਲ ਇਹੀ ਵਿਦੇਸ਼ੀ
ਵਿਰਸੇ ਦਾ ਖ਼ਿਆਲ ਰਖਦੇ ਨੇ

ਤੁਸੀਂ ਦੱਸੋ ਕਿੱਥੇ ਵਸਦੇ
ਸੱਚੇ ਸੁੱਚੇ ਪੰਜਾਬੀ?
ਮੈਂ ਤਾਂ ਵੇਖਿਆ ਵਿੱਚ ਪੰਜਾਬ
ਹਰ ਗਭਰੂ ਅਮਲੀ ਸ਼ਰਾਬੀ

**ਅਵਾਰਿਓ ਬੇਵਕੂਫ਼ੋ !**
**ਖੋਲ'ਤੀ ਆਪਣੀ ਤਜੋਰੀ**
**ਪਿਆਰਿਓ ਮਾ ਦੇ ਜਾਇਓ**
**ਕਰਾ'ਤੀ ਘਰ ਦੀ ਚੋਰੀ**

**ਵਾਰਸ ਆਖੇ ਗੱਲ ਸੁਣ ਰੂਪ**
**ਮੇਰੇ ਪੰਨੇ ਫਰੋਲਦੇ ਨੇ !**
**ਮੈਂ ਤਾਂ ਵੇਖਿਆ ਕਨੇਡ ਇੰਗਲੈਂਡ**
**ਮੇਰੀ ਹੀ ਬੋਲੀ ਬੋਲਦੇ ਨੇ !**

# ਝੜੀ

ਰੂਪ ਧਰਮ ਦੇ ਝੜੀ ਤੋਂ ਰਹਿ ਦੂਰ

ਤੇਰੇ ਲਈ ਇਲੱਮ ਹੈ ਸੰਧੂਰ

ਬੈਲ ਦਾ ਮਾਸ ਭਾਵੇਂ ਸੂਰ

ਇਹੋ ਸੁਆਲ ਸਭ ਨੇ ਫਜ਼ੂਲ

# ਅਣਿੰਓ

ਰੱਬ ਦੇ ਨਾਂ ਤੇ ਮਾਰਨ ਜਨਾਨੀ!
ਰੱਬ ਦੇ ਨਾਂ ਤੇ ਮਾਰਨ ਜਨਾਨੀ!
ਜਿਸ ਕੁੱਖ ਦੀ ਗਰਮੇਸ਼ ਹੈ ਮਾਣੀ
ਉਸ ਨੂੰ ਆਖਣ ਮੈਲੀ ਜ਼ੁਬਾਨੀਂ

ਮਮਤਾ ਨੇ ਦਿੱਤਾ ਪਿਆਰ
ਧਰਮ ਨੇ ਕੀ ਦਿੱਤਾ ਈ?
ਕੱਢ ਲਈ ਤਲਵਾਰ!
ਇਹ ਬੰਦਿਆ ਕੀ ਕੀਤਾ ਈ?

ਅਣਿੰਓ ਰੱਬ ਤੋਂ ਗਏ ਹੋ ਨੱਸ
ਕਾਹਤੋਂ ਰੱਬ ਤੋਂ ਗਏ ਹੋ ਨੱਸ?
ਤੀਵੀਆਂ ਮਾਰੀ ਜਾਓ ਹੱਸ ਹੱਸ
ਵਿਰਸੇ ਕੁੱਲ ਦੀ ਕਰ ਦਿਓ ਬਸ

ਤੁਹਾਨੂੰ ਕੀਹਨੇ ਬਣਾਇਆ ਕਾਜ਼ੀ
ਵਾਹ! ਮੁੱਲੇ ਨੂੰ ਕਰ ਲਹੋ ਰਾਜ਼ੀ!

ਧਰਮ ਨੇ ਆਖਿਆ ਮਾਰੋ ਮਾਂ?
ਮਜ਼੍ਹਬ ਨੇ ਆਖਿਆ ਮਾਰੋ ਧੀ?
ਪੰਥ ਨੇ ਆਖਿਆ ਮਾਰੋ ਭੈਣ?
ਦੀਨ ਨੇ ਆਖਿਆ ਮਾਰੋ ਜੀਅ?

# ਕੀ ਅਸੀਂ ਪੰਜਾਬੀ ਹਨ?

ਕੀ ਅਸੀਂ ਪੰਜਾਬੀ ਹਨ?
ਕੇ ਅਸੀਂ ਪੰਜਾਬੀ ਸਨ?
ਜੇ ਪੰਜਾਬੀ ਹੋ, ਫਿਰ ਮੁਨ ਕਿਉਂ ਵਿਦੇਸ਼ੀ?
ਜੇ ਅੰਗਰੇਜ਼ੀ, ਫਿਰ ਬੋਲ ਕਿਉਂ ਦੇਸੀ?

ਫਰੰਗ ਲਿਆਂਦਾ, ਤਸੀਂ ਹੈ ਦੋਸ਼ੀ,
ਪਤੰਗ ਠਸ਼ਟ, ਹੁਣ ਹੈ ਪਰਦੇਸੀ।
ਨਾਕੇ ਇਥੇ ਜੋਗੇ, ਨਾਕੇ ਉਥੇ ਜੋਗੇ,
ਅਬੋਲ ਕਰੋ ਅਪਨਾ ਪੰਜਾਬੀ।

ਪੱਛਮ ਵਿਚ ਹੈ ਮਸਤੀ,
ਇਹ ਹੀਂ ਹੈ ਸਾਡੀ ਵਸਤੀ।
ਕੇ ਅਸੀਂ ਪੰਜਾਬੀ ਸਨ?
ਹੁਣ ਅਸੀਂ ਅੰਗਰੇਜ਼ੀ ਹਨ॥

# ਬਾਹਰ

ਬਾਹਰ ਬਾਗੀਚੇ ਵਿਚ ਹੈ ਰੁਖ
ਇਹਦੀ ਛਾਂ ਹੇਠਾ ਸੁਖ
ਚਾਰ ਚਪੇਰੇ ਚਲਦਾ ਚਾਂਗਰ
ਪੰਛੀਆਂ ਪਸ਼ੂਆਂ ਦਾ ਬਜ਼ਾਰ

ਪੇੜ ਦੇ ਦੁਆਲੇ ਪੀਲੇ ਖੇਤ
ਅਮਨ ਅੰਬਰ ਨੀਲੇ ਹੇਠ
ਖ਼ੁਸ਼ੀਆਂ ਪੀੜਾਂ ਵਿਚ ਹੈ ਮੇਲ
ਆਣੀ ਜਾਣੀ ਸਾਡੀ ਖੇਲ

# ਲਾਹੌਰ

ਜਦ ਮੈਂ ਲਾਹੌਰ ਨੂੰ ਜਾਵਾਂ
( ਲੰਡਨ ਸੁਫ਼ਨੇ ਛੱਡ ਕੇ ਆਵਾਂ)
ਤੇਰੇ ਲਈ ਘਰ ਛੱਡ ਕੇ ਆਵਾਂ।
ਪਿੱਛੇ ਛੱਡਤੀ ਘਰ ਦੀ ਆਸ
ਰਜਨੀ ਆਗਿਆ ਤੇਰੇ ਪਾਸ।
ਪ੍ਰਦੇਸ਼ ਦੇ ਫੱਲ ਹੁਣ ਛੱਡ ਤੇ
ਮਾਂ ਦੇ ਧਾਗੇ ਤੇਰੇ ਲਈ ਵਾਢਾ
ਬੱਸ ਤੇਰਾ ਪਿਆਰ ਬਹੁਤ ਹੈ
ਸੱਜਣ ਸਾਡਾ ਪਿਆਰ ਜੋਤ ਹੈ
ਸੋ ਕਹਿਣਦਾ ਤੇਰਾ ਰੂਪ

# ਦਿਲ ਹੀਂ ਮੰਦਰ

ਦਿਲ ਹੀਂ ਮੰਦਰ, ਦਿਲ ਹੀ ਮਸਜਦ
ਦਿਲ ਵਿਚ ਵਸਦਾ ਸਾਈ
ਲੱਖ ਗੁਣਾ ਕਰ ਲੈ ਬੰਦਿਆਂ
ਦਿਲ ਨਾ ਕਿਸੇ ਦਾ ਦੁਖਾਈ

ਜਿਹੜੇ ਤੋੜ ਦਿੰਦੇ ਦਿਲ ਬਰਬਾਦ ਹੋਣਗੇ
ਅਜ ਨਹੀਂ ਤਾ ਕਲ੍ਹ ਹੋਣਗੇ
ਦਿਲ ਨਾ ਕਿਸੇ ਦਾ ਦੁਖਾਈ
ਦਿਲ ਵਿਚ ਵਸਦਾ ਸਾਈ

ਰਬ ਤੋਂ ਡਰਨਾ ਤੂੰ ਸਿਖ ਲੈ
ਦਿਲ ਨੂੰ ਸਮਧੂਣਾ ਤੂੰ ਸਿਖ ਲੈ
ਦਿਲ ਵਿੱਚੋ ਨਿਕਲੀ ਆਹ ਤੋਂ ਡਰ ਜਾ
ਕਿਸੇ ਦੀ ਬਦ ਦੁਆਂ ਤੂੰ ਡਰ ਜਾ
ਦਿਲ ਹੀ ਮੰਦਰ, ਦਿਲ ਮਸਜਦ
ਦਿਲ ਵਿੱਚ ਵਸਦਾ ਸਾਈ।

# ਸਾਡੇ ਅੰਦਰ

ਸਾਡੇ ਅੰਦਰ ਕਿਸੇ ਖੂੰਜੇ
ਔਗੁਣ ਬੈਠੇ ਨੇ॥
ਸਾਡੇ ਲੋਕ ਕਿਸੇ ਭੂੰਝੇ
ਝੇਪਦੇ ਪਏ ਨੇ॥

ਬੋਲੀ ਦੀ ਮਮਤਾ
ਛਾਂਗ ਦਿੱਤੀ ਹੈ॥
ਪੱਛਮ ਨੇ ਸੱਜਣ ਨੂੰ
ਫਰੰਗੀ ਜ਼ੁਬਾਨ ਦਿੱਤੀ ਹੈ॥

ਸ਼ਾਡੇ ਪੁੱਤ ਪਿਸਤੌਲਾਂ ਪਿੱਛੇ ਪਏ ਨੇ
ਪੱਛਮ ਦੀ ਹਵਾ ਵਿੱਚ ਉਡ ਗਏ ਨੇ॥

ਗੈਂਗਾਂ ਵਿੱਚ ਸ਼ਾਮਲ ਨਿਆਣੇ
ਘਰਾਂ ਵਿੱਚ ਰੋਂਦੇ ਸਿਆਣੇ॥

ਗੱਡੀ ਵੀ ਬਣਾ ਦਿੱਤੀ ਹਥਿਆਰ
ਕਾਨੂੰਨ ਉੱਤੇ ਨਹੀਂ ਇਤਬਾਰ॥

ਸਾਡੇ ਅੰਦਰ ਕਿਸੇ ਖੂੰਜੇ
ਔਗੁਣ ਬੈਠੇ ਨੇ॥
ਸ਼ਾਡੇ ਲੋਕ ਕਿਸੇ ਭੂੰਝੇ
ਝੇਪਦੇ ਪਏ ਨੇ॥

# ਸਾਡੀ ਬੋਲੀ

ਆਪਣਾ ਮੂਲ ਉਹ ਹੀ ਪਛਾਣੇ
ਜੋ ਆਪਣੀ ਮਾਂ ਬੋਲੀ ਜਾਣੇ॥

ਮਾਂ ਬੋਲੀ ਉਹ ਹੀ ਨਿਆਰੀ
ਜਿਸ ਨੂੰ ਪੜ੍ਹਣੀ ਪਿਆਰੀ॥

ਹੁਣ ਦੇਸ਼ ਵਿਦੇਸ਼ ਬੋਲੀ ਪੜ੍ਹਦਾ
ਆਪਣੀ ਮਾਂ ਬੋਲੀ ਰੱਜਕੇ ਸਾੜਦਾ॥

ਤੇ ਵਿਦੇਸ਼ਾਂ'ਚ ਬੋਲ ਦੇ ਪੰਜਾਬੀ
ਇਸ ਬੋਲੀ ਨੂੰ ਸਮਝ ਦੇ ਗੁਲਾਬੀ॥

# ਕਦੇ ਸਾਡੇ ਲਈ

ਦੁੱਖਾਂ ਵਿੱਚ ਸੁੱਖ, ਸੁੱਖਾਂ ਵਿੱਚ ਛੁੜ
ਕਦੇ ਸਾਡੇ ਲਈ, ਕਦੇ ਤੁਹਾਡੇ ਲਈ।
ਛੁੜਾਉ ਵਿੱਚ ਬੰਦੀ, ਬੰਦ ਵਿੱਚ ਖਲਾਸੀ
ਕਦੇ ਤੁਹਾਦੇ ਲਈ, ਕਦੇ ਸਾਡੇ ਲਈ।
ਖਲਾਸੀ ਵਿੱਚ ਛੁੱਤਕਾਰਾ, ਛੁੱਤਕਾਰਾ ਵਿੱਚ ਕਾਲ
ਕਦੇ ਸਾਡੇ ਲਈ, ਕਦੇ ਤੁਹਾਡੇ ਲਈ।
ਕਾਲ ਵਿੱਚ ਜਾਨ, ਜਾਨ ਵਿੱਚ ਆਸ਼ਾ
ਕਦੇ ਤੁਹਾਡੇ ਲਈ, ਕਦੇ ਸਾਡੇ ਲਈ।

# ਇੱਕ ਖਿਆਲ

ਜਦ ਖਿਆਲ ਉੱਡੇ ਜਾਂਦੇ ਮੇਰੇ
ਤਦ ਡੁਬਦਾ, ਸੋੱਚਾਂ'ਚ ਤੇਰੇ॥

ਰਬ ਨੇ ਬੰਦਾ ਬਣਾਇਆ?
ਬੰਦੇ ਨੇ ਰਬ ਜਮਾਇਆ?

ਰੱਬਾ ਕਿਉਂ ਇਹ ਕਾਲ?
ਰੱਬਾ ਕਿਉਂ ਇਹ ਭੁਚਾਲ?

ਹਵਾ ਵਿੱਚ ਕੋਈ ਜਵਾਬ
ਨਾ ਆਇਆ॥

# ਬਦਾਮੀ ਅੱਖਾਂ

ਤੇਰੀਆਂ ਬਦਾਮੀ ਅੱਖਾਂ ਚੋਂ, ਕੋਈ ਇਸ਼ਾਰਾ ਮਿਲਦਾ ਹੈ
ਲੱਗੇ ਜਿਵੇਂ ਮੌਲਸਿਰੀ ਦਾ ਪੱਤਾ ਫਰ ਫਰ ਹਿਲਦਾ ਹੈ

ਤੇਰੀਆਂ ਰਸੀਲੀਆਂ ਅਦਾਵਾਂ ਤੇ, ਇਹੋ "ਰੂਪ" ਹਰਦਾ ਹੈ
ਤੇਰੀ ਸਤਰੰਗੀ ਸ਼ੋਭਾ ਤੇ, ਇਹੋ "ਰੂਪ" ਮਰਦਾ ਹੈ

ਤੇਰੀਆਂ ਬਦਾਮੀ ਅੱਖਾਂ ਚੋਂ, ਕੋਈ ਇਸ਼ਾਰਾ ਮਿਲਦਾ ਹੈ
ਲੱਗੇ ਜਿਵੇਂ ਮੌਲਸਿਰੀ ਦਾ ਪੱਤਾ ਫਰ ਫਰ ਹਿਲਦਾ ਹੈ

ਲੱਗੇਂ ਜਿਵੇਂ ਰਾਂਝੇ ਦੀ ਤੂੰ ਹੀਰ ਸਲ੍ਹੇਟੀ ਏਂ
ਲੱਗੇਂ ਜਿਵੇਂ ਮੇਰੇ ਖੇਦ ਲਈ ਸ਼ਫ਼ਾ ਭੇਜੀ ਏਂ

ਤੇਰੀਆਂ ਬਦਾਮੀ ਅੱਖਾਂ ਚੋਂ, ਕੋਈ ਇਸ਼ਾਰਾ ਮਿਲਦਾ ਹੈ
ਲੱਗੇ ਜਿਵੇਂ ਮੌਲਸਿਰੀ ਦਾ ਪੱਤਾ ਫਰ ਫਰ ਹਿਲਦਾ ਹੈ

ਉਦਾਤ ਮੁੱਖੜਾ, ਤੇਰਾ ਵਾਹ ਵਾਹ ਸ਼ਬਾਬ ਹੈ
ਮੁਸਕਾਨ ਤੇਰੀ ਖ਼ਾਬਾਂ ਦੀ ਸ਼ਰਾਬ ਹੈ

ਤੇਰੀਆਂ ਬਦਾਮੀ ਅੱਖਾਂ ਚੋਂ, ਕੋਈ ਇਸ਼ਾਰਾ ਮਿਲਦਾ ਹੈ
ਲੱਗੇ ਜਿਵੇਂ ਮੌਲਸਿਰੀ ਦਾ ਪੱਤਾ ਫਰ ਫਰ ਹਿਲਦਾ ਹੈ

ਨੀਨਾ ਤੇਰੀ ਸ਼ਰਨ ਬਿਨਾ ਕੰਵਾਰਾ ਹਾਂ
ਉਪਰ–ਵੇਖੇ–ਅੰਬਰੀਂ ਬੱਦਲ ਅਵਾਰਾ ਹਾਂ

ਤੇਰੀਆਂ ਬਦਾਮੀ ਅੱਖਾਂ ਚੋਂ, ਕੋਈ ਇਸ਼ਾਰਾ ਮਿਲਦਾ ਹੈ
ਲੱਗੇ ਜਿਵੇਂ ਮੌਲਸਿਰੀ ਦਾ ਪੱਤਾ ਫਰ ਫਰ ਹਿਲਦਾ ਹੈ

ਜਿਵੇਂ "ਚੰਦਨ" ਦੀਆਂ ਚਿੜ੍ਹੀਆਂ ਜੇਲ੍ਹਾਂ'ਚ ਨੇ
ਮੇਰੇ ਖਿਆਲ ਕੈਦ ਤੇਰੀਆਂ ਖੇਲਾਂ'ਚ ਨੇ

# ਤੁਹਾਡੇ ਸਾਡੇ

ਤੁਹਾਡੇ ਹੱਥ ਇਸਦੇ ਲਹੂ ਨਾਲ ਭਰੇ ਨੇ
ਪੰਜਾਬੀ ਦੇ ਕਤਲ ਕਰਦੇ ਫੜੇ ਗਏ ਨੇ॥

ਤੁਹਾਡੇ ਕੋਲ੍ਹ ਖੂੰਹ ਏ, ਸਾਡੇ ਕੋਲ੍ਹੇ ਕੱਚ ਕਿਲ੍ਹੇ॥
ਤੀਰ ਦੇ ਨੱਕ ਵਾਂਗੋ ਅੰਬਰ ਚੀੜ ਦੇ ਨੇ॥

ਤੁਹਾਡੇ ਨਵਾਸੀ ਕਿਸਾਨ ਨੇ, ਸਾਡੇ ਟਾਏ ਸ਼ਾਏ ਵਾਲੇ ਨੇ॥
ਕਲਮ ਕਾਗ਼ਜ਼ ਉੱਤੇ ਨਸੀਬ ਚੀੜ ਦੇ ਨੇ॥

# ਹੰਕਾਰੀ ਲੇਖਕਾਂ

ਮੈਂ ਪੰਜਾਬੀ ਤੋਂ ਕੀ ਲੈਣਾ ਏਂ?

ਅਤੇ ਮੈਥੋਂ ਪੰਜਾਬੀ ਨੇ ਕੀ ਲੈਣਾ?

ਪੰਜਾਬੀ ਨੂੰ ਪਤਾ ਮੈਂ ਕਿ ਹਾਂ

ਹੰਕਾਰੀ ਲੇਖਕਾਂ ਨੂੰ ਪਤਾ ਨਹੀਂ ਕਿ ਮੈਂ ਹਾਂ।

ਅਸੀਂ ‘ਨੇਟ ਤੇ ਮਿਲੇ’ ਤੇ ਝੂਠ ਵਾਂਗਰਾਂ

ਇੱਕ ਦੂਜੇ ਨੂੰ ਪਿੱਠਾਂ ਦੇ ਕੇ ਲੰਘ ਜਾਵਾਂਗੇ।

ਉਹ ਪੋਚ ਨੇ ਪੰਜਾਬੀ ਰਖੀ ਬਾਸੀ

ਮੈਂ ਪ੍ਰਥਾ ਨੂੰ ਰੱਦਤਾਂ, ਪੰਜਾਬੀ ਕਰਤੀ ਖਲਾਸੀ।

ਮੈਂ ਲੇਖਕਾਂ ਤੋਂ ਕੀ ਲੈਣਾ ਏਂ

ਅਤੇ ਮੈਥੋਂ ਮਾਹਰਾਂ ਨੇ ਕੀ ਲੈਣਾ?

# ਦੁਖ

ਦੁਖ ਦਿਖਾਵਾਂ ਤੈਂਨੂ ਕਿਵੇਂ?
ਦੁਖ ਦਿਖਾਵਾਂ ਤੈਂਨੂ ਕਿਵੇਂ?
ਮੈਂ ਹਟਾਂ ਤੇਰੇ ਤੇ ਮਰਨਾ ਕਿਵੇਂ?
ਤੂੰ ਹੈਂ ਮੇਰੇ ਲਈ ਇਕ ਕਿਸ਼ਤੀ
ਮੈਂ ਹਾਂ ਤੇਰੇ ਲਈ ਪਾਣੀ
ਮੈਂ ਪੇੜ ਹੈਂ, ਤੂੰ ਮੇਰਾ ਡਾਲੀ
ਮੇਰੇ ਪੱਤੇਆਂ ਨੇ ਪੌਂਚੇਆਂ ਤੇਰਾ ਪਾਣੀ।

ਅਲੱਗ ਤੂੰ ਕਿਓ ਖੜੀ ਹੈਂ?
ਅਲੱਗ ਤੂੰ ਕਿਓ ਖੜੀ ਹੈਂ?
ਪਿਆਸ ਨਾਲ ਗੱਲਾ ਸੂਕਾ
ਤੇਰੇ ਬਿਨ ਮੇਰਾ ਜੀਵਨ ਰੂਖਾ।
ਰਜੀਓ ਰੂ ਨਹੀ ਰਹਿਦੀ
ਪਿਆਰ ਪੀੜਾ ਉਗਾ ਦੇਂਦੀ।

ਹੂਣ ਤੇਰੀ ਬਰਾਤ ਆ ਗਈ
ਹੂਣ ਤੇਰਾ ਦੂਲਾ ਆ ਗਈਆ
ਵਖਰੇ ਹੋ ਗਏ ਸਾਡੇ ਰਾਸਤੇ,
ਕਿ ਮਰਨ ਦੀ ਲੋੜ ਨਹੀਂ ਮਿਲਨ ਵਾਸਤੇ?

ਦੁਖ ਦਿਖਾਵਾਂ ਤੈਂਨੂ ਕਿਵੇਂ?
ਦੁਖ ਦਿਖਾਵਾਂ ਤੈਂਨੂ ਕਿਵੇਂ?
ਮੈਂ ਹਟਾਂ ਤੇਰੇ ਤੇ ਮਰਨਾ ਕਿਵੇਂ?

ਇਹ ਕਿਨਾਰੇ ਤੋਂ ਕਿਸ਼ਤੀ ਛੁਟ ਪਈ ਹੈਂ,
ਇਹ ਅਵਾਰੇ ਤੋਂ ਅਮਨ ਲੁੱਟ ਪਹੀ ਹੈਂ।
ਵਖਰੇ ਹੋ ਗਾਏ ਸਾਡੇ ਰਾਸਤੇ,
ਕਿ ਮੋਤ ਦੀ ਲੋੜ ਨਹੀਂ ਮਰਨ ਵਾਸਤੇ?

ਇਸ਼ਕ ਦੀ ਅੱਗ ਹਾਰਕੇ ਬੁਝ ਜਾਨ ਦੀ,
ਇਹ ਝੁਠ ਮੈਂ ਆਪ ਨੂੰ ਦਾਸਦਾ।
ਦੁਨੀਆ ਤੋਂ ਮੈਂ ਹੁਨ ਜੱਕਦਾ।
ਮੈਂ ਤਾ ਮੋਤ ਓਡੀਕ ਦਾ ਖੁਲਕੇ ਹਸਕੇ,
ਪਿਆਰ ਕਦੀ ਨਾ ਕਰੋ, ਜੀਨਦੇ ਨਾ ਮਰੋ।

ਹੁਨ ਦੁਖ ਕੇਹਨੁ ਦਿਖਾਵਾਂ?
ਕੇਹੜੇ ਪਾਸੇ ਜਾਵਾਂ?
ਵਖਰੇ ਹੋ ਗਏ ਸਾਡੇ ਰਾਸਤੇ,
ਕਿ ਮਰਨ ਦੀ ਲੋੜ ਨਹੀਂ ਮਿਤਨ ਵਾਸਤੇ?

ਅਲੱਗ ਅਲੱਗ ਹੋਂ ਪੈ, ਅਲੱਗ ਅਲੱਗ ਹੋਂ ਪੈ।
ਦੁਖ ਦਿਖਾਵਾਂ ਤੈਂਨੂ ਕਿਵੇਂ?
ਦੁਖ ਦਿਖਾਵਾਂ ਤੈਂਨੂ ਕਿਵੇਂ?
ਮੈਂ ਹਟਾਂ ਤੇਰੇ ਤੇ ਮਰਨਾ ਕਿਵੇਂ?

# ਗੁਲ ਦਸਤਾ

ਇਹ ਦਿਨ ਦਿਲ ਦਿਲ ਮੰਗਦੇ ਹੈ,
ਇਹ ਦਿਨ ਯਾਰ ਯਾਰਿਆਂ ਕਰਦੇ ਹਨ।
ਖਿਲਰੇ ਗੁਲਾਬਾਂ ਵੰਗ ਪ੍ਰੇਮ ਖਿਲਰ ਜਾਂਦਾ ਹੈ,
ਲਜੀਲੇ ਦਿਲ ਖੁਲ੍ਹ ਜਾਂਦੇ ਹੈ।

ਪਿਆਰ ਦਾ ਰਿਤੂ, ਹਵਾ'ਚ ਭਾਗਦਾ,
ਮਿਲਨ ਦਾ ਮੋਕਾ, ਜਵਾਨਾਂ'ਚ ਜਾਗਦਾ।
ਗੁਲ ਦਸਤੇ ਮਿਲਦੇ ਠਾਰੇ ਦਿਲ ਵੀ ਹਿਲਦੇ।
ਇਸ਼ਕ ਦਾ ਕਮਾਲ, ਇਸ਼ਕ ਦਾ ਸੁਆਲ।
ਦਿਲ ਜਵਾਬ ਮੰਗਦੇ ਹਨ।

ਇਹ ਦਿਨ ਦਿਲ ਦਿਲ ਮਿਲਦੇ ਹੈਂ,
ਇਹ ਦਿਨ ਸਾਥ ਸਾਥਿਆਂ ਬਣ ਦਿਆਂ ਹਨ।
ਖਿਲਰੇ ਗੁਲਾਬਾਂ ਵੰਗ ਪ੍ਰੇਮ ਖਿਲਰ ਜਾਂਦਾ ਹੈ,
ਲਜੀਲੇ ਦਿਲ ਖੁਲ੍ਹੇ ਜਾਂਦੇ ਹੈ